Human Resources and Skills Development Canada | Ressources humaines et Développement des compétences Canada

# ਹੁਣ ਅਤੇ ਕੱਲ੍ਹ

## ਉੱਤਮਤਾ ਹਰ ਕੰਮ ਵਿੱਚ ਜੋ ਅਸੀਂ ਕਰਦੇ ਹਾਂ

# ਕਨੇਡਾ ਲਰਨਿੰਗ ਬਾਂਡ

## ਆਪਣੇ ਬੱਚੇ ਦੇ ਭਵਿੱਖ ਲਈ $੫੦੦ ਪ੍ਰਾਪਤ ਕਰੋ

**CANLEARN.CA / CIBLETUDES.CA**

Canada

## ਕਨੇਡਾ ਲਰਨਿੰਗ ਬਾਂਡ

ਮਾਂ-ਪਿਉ ਹੁੰਦੇ ਹੋਏ, ਤੁਸੀਂ ਆਪਣੀ ਪੂਰੀ ਕੋਸ਼ਿਸ਼ ਕਰਦੇ ਹੋ ਆਪਣੇ ਬੱਚੇ ਨੂੰ ਸਫ਼ਲ ਬਣਾਉਣ ਲਈ। ਤੁਸੀਂ ਪਹਿਲਾਂ ਹੀ ਆਪਣੇ ਬੱਚੇ ਦੀ ਹਾਈ ਸਕੂਲ ਮਗਰੋਂ ਪੜ੍ਹਾਈ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੋਵੇਗਾ। ਕਨੇਡਾ ਦੀ ਸਰਕਾਰ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿੱਚ ਬੱਚਤ ਕਰਨ ਲਈ ਤੁਹਾਡੀ ਮਦਦ ਕਰ ਸਕਦੀ ਹੈ [Registered Education Savings Plan (RESP) / Régime enregistré d'épargne-études (REEE)].

## ਕਨੇਡਾ ਲਰਨਿੰਗ ਬਾਂਡ ਕੀ ਹੈ?

ਕਨੇਡਾ ਲਰਨਿੰਗ ਬਾਂਡ [Canada Learning Bond (CLB) / Bon d'études canadien (BEC)] ਕਨੇਡਾ ਦੀ ਸਰਕਾਰ ਵਲੋਂ ਪੇਸ਼ ਕੀਤਾ $੫੦੦ ਹੈ ਹੁਣੇ ਤੋਂ ਤੁਹਾਡੇ ਬੱਚੇ ਦੀ ਹਾਈ ਸਕੂਲ ਮਗਰੋਂ ਪੜ੍ਹਾਈ ਲਈ ਬੱਚਤ ਸ਼ੁਰੂ ਕਰਨ ਲਈ ਪੇਸ਼ ਕੀਤੇ ਕੀਤੇ ਜਾਂਦੇ ਹਨ। ਨਾਲੇ, ਤੁਹਾਡਾ ਬੱਚਾ ਹਰ ਸਾਲ $100 ਜਦੋਂ ਤੀਕ ਲੜਕਾ/ਲੜਕੀ ੧੫ ਸਾਲਾਂ ਦੇ ਹੋ ਜਾਣ ਵੱਧ ਤੋਂ ਵੱਧ $੨,੦੦੦ ਪ੍ਰਾਪਤ ਕਰ ਸਕਦਾ ਹੈ।

ਇਸ ਪੈਸੇ ਦਾ ਇਸਤੇਸਾਲ ਇਨ੍ਹਾਂ ਪੂਰਨ-ਕਾਲਕ ਜਾਂ ਅੰਸ਼-ਕਾਲਕ ਅਧਿਐਨ ਦਾ ਮੁੱਲ ਤਾਰਨ ਲਈ ਕੀਤਾ ਜਾ ਸਕਦਾ ਹੈ:

- ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ;
- CEGEPs/cégeps ;
- ਕਾਲਜਾਂ;
- ਟਰੇਡ ਸਕੂਲਾਂ; ਜਾਂ
- ਨੀਵਰਸਿਟੀਆਂ.

## ਕੀ ਮੇਰਾ ਬੱਚਾ ਕਨੇਡਾ ਲਰਨਿੰਗ ਬਾਂਡ ਦਾ ਪਾਤਰ ਹੈ?

ਤੁਹਾਡਾ ਬੱਚਾ ਕਨੇਡਾ ਲਰਨਿੰਗ ਬਾਂਡ ਲੈਣ ਦਾ ਪਾਤਰ ਹੈ ਜੇ:

- ਉਹ ਦਿਸੰਬਰ ੩੧, ੨੦੦੩ ਤੋਂ ਬਾਅਦ ਪੈਦਾ ਹੋਇਆ; ਅਤੇ
- ਤੁਹਾਨੂੰ ਕਨੇਡਾ ਚਾਈਲਡ ਟੈਕਸ ਬੈਨੀਫ਼ਿਟ ਦੇ ਅਧੀਨ [Canada Child Tax Benefit / Prestation fiscale canadienne pour enfants] (ਜਿਸ ਨੂੰ ਫੈਮਲੀ ਅਲਾਉਂਸ ਵੀ ਕਿਹਾ ਜਾਂਦਾ ਹੈ [family allowance / allocation familiale]) ਨੈਸ਼ਨਲ ਚਾਈਲਡ ਬੈਨੀਫ਼ਿਟ ਸਪਲੀਮੈਂਟ ਮਿਲਦਾ ਹੈ [National Child Benefit Supplement / Supplément de la Prestation nationale pour enfants]।

## ਕੀ ਕਨੇਡਾ ਲਰਨਿੰਗ ਬਾਂਡ ਦਾ ਪੈਸਾ ਕਨੇਡਾ ਸਰਕਾਰ ਤੋਂ ਮੈਨੂੰ ਮਿਲਣ ਵਾਲੇ ਰੋਰ ਭੱਤਿਆਂ  ਤੇ ਅਸਰ ਪਾਵੇਗਾ?

ਕਨੇਡਾ ਲਰਨਿੰਗ ਬਾਂਡ ਅਤੇ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਕਨੇਡਾ ਸਰਕਾਰ ਦੇ ਦੂਜੇ ਭੱਤਿਆਂ ਤੇ ਅਸਰ ਨਹੀਂ ਪਾਉਣਗੇ।

## ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਕੀ ਹੈ?

ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਕਨੇਡਾ ਸਰਕਾਰ ਨਾਲ ਰਜਿਸਟਰ ਸਿੱਖਿਆ ਬੱਚਤ ਖਾਤਾ ਹੈ।  ਇਹ ਤੁਹਾਡੀ, ਤੁਹਾਡੇ ਪਰਿਵਾਰ ਜਾਂ ਮਿਤਰਾਂ ਦੀ ਤੁਹਾਡੇ ਬੱਚੇ ਦੀ ਹਾਈ ਸਕੂਲ ਉਪਰੰਤ ਪੜ੍ਹਾਈ ਲਈ ਪੈਸੇ ਬਚਾਉਣ ਵਿੱਚ ਮਦਦ ਕਰਦਾ ਹੈ।

ਕਨੇਡਾ ਲਰਨਿੰਗ ਬਾਂਡ ਕੇਵਲ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖਾਤੇ ਵਿੱਚ ਹੀ ਜਮਾਂ ਕਰਾਵਾਇਆ ਜਾ ਸਕਦਾ ਹੈ ਅਤੇ ਇਸਨੂੰ ਲੈਣ ਲਈ ਤੁਹਾਨੂੰ ਆਪਣਾ ਕੋਈ ਪੈਸਾ ਪਾਉਣ ਦੀ ਲੋੜ ਨਹੀਂ।

ਤੁਸੀਂ ਕਿਸੀ ਆਰਥਿਕ ਸੰਸਥਾ, ਜਿਵੇਂ ਕਿ ਬੈਂਕ, ਕਰੈਡਿਟ ਯੂਨੀਅਨ ਜਾਂ ਪ੍ਰਮਾਣਿਤ ਆਰਥਿਕ ਆਯੋਜਕ ਜਾਂ ਸੰਸਥਾ ਯੋਜਨਾ ਵਪਾਰੀ ਦੇ ਨਾਲ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖੋਲ ਸਕਦੇ ਹੋ। ਇਹ ਸੰਸਥਾਵਾਂ, ਆਯੋਜਕ ਅਤੇ ਵਪਾਰੀ "ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ [RESP provider / fournisseur de REEE]" ਦੇ ਨਾਂ ਨਾਲ ਜਾਣੇ ਜਾਂਦੇ ਹਨ।

## ਮੈਨੂੰ ਆਪਣੇ ਬੱਚੇ ਦੀ ਸਿੱਖਿਆ ਲਈ ਕਿਉਂ ਬੱਚਤ ਕਰਨੀ ਚਾਹੀਦੀ ਹੈ?

ਬੱਚਤ ਕਰਨ ਨਾਲ ਫ਼ਾਇਦਾ ਹੁੰਦਾ ਹੈ! ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਨਾਲ ਤੁਸੀਂ ਆਪਣੇ ਬੱਚੇ ਦੇ ਸੁਪਨਿਆਂ ਨੂੰ ਸੱਚ ਵਿੱਚ ਬਦਲ ਸਕਦੇ ਹੋ। ਕੇਵਲ ਇੱਕ ਡਾਲਰ ਹਰ ਰੋਜ਼ ਬਚਾਉਣਾ ਫ਼ਰਕ ਪਾ ਸਕਦਾ ਹੈ।

ਤੁਹਾਡੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਦੇ ਯੋਗਦਾਨਾਂ ਤੋਂ ਇਲਾਵਾ, ਤੁਸੀਂ ਇਨ੍ਹਾਂ ਨੂੰ ਪ੍ਰਾਪਤ ਕਰ ਸਕਦੇ ਹੋ:

- ਕਨੇਡਾ ਲਰਨਿੰਗ ਬਾਂਡ ਅਤੇ/ਜਾਂ
- ਕਨੇਡਾ ਐਜੂਕੇਸ਼ਨ ਸੇਵਿੰਗਜ਼ ਗਰਾਂਟ

## ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਕੀ ਹੁੰਦੀ ਹੈ?

ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ [Canada Education Savings Grant / Subvention canadienne pour l’épargne-études] ਉਹ ਪੈਸਾ ਹੈ ਜੋ ਕਨੇਡਾ ਸਰਕਾਰ ਤੁਹਾਡੇ ਬੱਚੇ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿੱਚ ਜਮ੍ਹਾਂ ਕਰਾਉਂਦੀ ਹੈ। ਤੁਸੀਂ ਆਪਣੇ ਬੱਚੇ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿੱਚ ਕਿੰਨਾ ਯੋਗਦਾਨ ਪਾਉਂਦੇ ਹੋ ਅਤੇ ਤੁਹਾਡੇ ਪਰਿਵਾਰ ਦੀ ਅਸਲ ਆਮਦਨ ਤੇ ਨਿਰਭਰ ਇਹ ਰਕਮ $੬੦੦ ਪ੍ਰਤਿ ਸਾਲ ਤਕ ਹੋ ਸਕਦੀ ਹੈ।

## ਮੈਂ ਕਿਵੇਂ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖੋਲਾਂ ਅਤੇ ਕਨੇਡਾ ਸਰਕਾਰ ਦੀਆਂ ਗ੍ਰਾਂਟਾਂ ਲਵਾਂ?

ਚਰਨ ੧ - ਆਪਣੇ ਬੱਚੇ ਲਈ **ਸੋਸ਼ਲ ਇੰਨਸ਼ੋਰੈਂਸ ਨੰਬਰ** [Social Insurance Number (SIN) / Numéro d'assurance sociale (NAS)] ਪ੍ਰਾਪਤ ਕਰੋ। ਇਹ ਮੁਫ਼ਤ ਹੈ। ਵਧੇਰੇ ਜਾਣਕਾਰੀ ਲਈ 1 800 O-Canada (1-800-622-6232) **ਤੇ** ਫ਼ੋਨ ਕਰੋ ਜਾਂ ਆਪਣੇ ਨੇੜੇ ਦੇ ਸਰਵਿਸ ਕਨੇਡਾ ਸੈਂਟਰ [Service Canada Centre / Centre service Canada] ਤੇ ਜਾਉ।

ਚਰਨ ੨ – ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖੋਲਣ ਲਈ ਆਪਣੀ ਪਸੰਦ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ ਨੂੰ ਮਿਲੋ ਜਿਹੜਾ **ਕਨੇਡਾ ਲਰਨਿੰਗ ਬਾਂਡ ਪੇਸ਼ ਕਰਦਾ ਹੈ।**

ਆਪਣੀਆਂ ਲੋੜਾਂ ਨਾਲ ਸਭ ਤੋਂ ਵੱਧ ਮੇਲ਼ ਖਾਂਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਦੇ ਪ੍ਰਦਾਤਾ ਨੂੰ ਚੁਣੋ ਅਤੇ ਪੁੱਛੋ:

- ਕੀ ਉਹ ਕਨੇਡਾ ਲਰਨਿੰਗ ਬਾਂਡ ਅਤੇ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਪੇਸ਼ ਕਰਦੇ ਹਨ;
- ਉਹ ਕਿਸ ਪ੍ਰਕਾਰ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪੇਸ਼ ਕਰਦੇ ਹਨ (ਪਰਿਵਾਰਕ, ਵਿਅਕਤੀਗਤ ਜਾਂ ਸੰਸਥਾ) ਅਤੇ ਹਰ ਇੱਕ ਦੇ ਫ਼ਾਇਦੇ ਅਤੇ ਖ਼ਤਰੇ ਦੇ ਪੱਖ;
- ਕਿਹੜੇ ਨਿਵੇਸ਼ ਉਤਪਾਦ ਉਹ ਪੇਸ਼ ਕਰਦੇ ਹਨ ਅਤੇ ਹਰ ਇੱਕ ਦੇ ਫ਼ਾਇਦੇ ਅਤੇ ਖ਼ਤਰੇ ਦੇ ਪੱਖ; ਅਤੇ
- ਉਹਨਾਂ ਦੀਆਂ ਪ੍ਰਬੰਧਨ ਫੀਸਾਂ ਅਤੇ ਜੁਰਮਾਨੇ ਕੀ ਹਨ।

ਆਪਣੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ ਕੋਲੋਂ ਪੁੱਛਣ ਵਾਲੇ ਪ੍ਰਸ਼ਨਾਂ ਦੀ ਸੂਚੀ ਪ੍ਰਾਪਤ ਕਰਨ ਲਈ CanLearn.ca (ਅੰਗ੍ਰੇਜ਼ੀ) ਜਾਂ Cibletudes.ca (ਫ਼੍ਰਾਂਸੀਸੀ) ਤੇ ਜਾਉ।

**ਚਰਨ ੩** – ਇੱਕ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖੋਲੋ ਅਤੇ ਆਪਣੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ ਦੀ ਮਦਦ ਨਾਲ ਲਰਨਿੰਗ ਬਾਂਡ ਅਰਜ਼ੀ ਦਾ ਫਾਰਮ ਭਰੋ।

## ਮੈਂ ਸਹਾਇਤਾ ਜਾਂ ਵਧੇਰੇ ਜਾਣਕਾਰੀ ਕਿਥੋਂ ਲੈ ਸਕਦਾ ਹਾਂ?

(ਕੇਵਲ ਅੰਗ੍ਰੇਜ਼ੀ ਜਾਂ ਫ਼੍ਰਾਂਸੀਸੀ)

1 800 O-Canada (1-800-622-6232)

ਟੀਟੀਵਾਈ: 1-800-926-9105

CanLearn.ca (ਅੰਗ੍ਰੇਜ਼ੀ) ਜਾਂ Cibletudes.ca (ਫ਼੍ਰਾਂਸੀਸੀ)

ਤੁਹਾਡੇ ਨੇੜੇ ਦਾ ਸਰਵਿਸ ਕਨੇਡਾ ਸੈਂਟਰ [Service Canada Centre / Centre service Canada]

## ਸੇਵਾਵਾਂ ਅੰਗ੍ਰੇਜ਼ੀ ਅਤੇ ਫ਼੍ਰਾਂਸੀਸੀ ਵਿੱਚ ਉਪਲਬਧ

ਤੁਸੀਂ ਇਸ ਪਤੇ ਤੇ ਸੰਪਰਕ ਕਰਕੇ ਇਹ ਪ੍ਰਕਾਸ਼ਨ ਮੰਗਵਾ ਸਕਦੇ ਹੋ:

**ਪਬਲਿਸ਼ਿੰਗ ਸਰਵਿਸਜ਼**
**ਹਿਊਮਨ ਰਿਸੋਰਸਜ਼ ਐਂਡ ਸਕਿਲਜ਼ ਡਵਲਪਮੈਂਟ ਕਨੇਡਾ**
**Publishing Services / Services des publications**
**Human Resources and Skills Development Canada / Ressources humaines et Développement des compétences Canada**
140 Promenade du Portage
Portage IV, 12th Floor
Gatineau, Québec
K1A 0J9

ਫ਼ੈਕਸ: 819-953-7260

ਆੱਨਲਾਈਨ:http://www12.hrsdc.gc.ca (ਅੰਗ੍ਰੇਜ਼ੀ) ਜਾਂ http://www12.rhdcc.gc.ca (ਫ਼੍ਰਾਂਸੀਸੀ)

ਇਹ ਦਸਤਾਵੇਜ਼ ਬਦਲਵੇਂ ਫਾਰਮੈਟਾਂ ਵਿੱਚ (ਵੱਡਾ ਛਾਪਾ, ਬਰੇਲ ਲਿਖਤ, ਆਡੀਓ ਕਸੈਟ, ਈ-ਟੈਕਸਟ ਡਿਸਕੇਟ, ਈ-ਟੈਕਸਟ ਸੀਡੀ, ਜਾਂ DAISY), 1 800 O-Canada (1-800-622-6232) ਨੂੰ ਸੰਪਰਕ ਕਰਕੇ ਮੰਗਣ ਉੱਤੇ ਉਪਲਬਧ ਹੈ। ਜੇ ਤੁਸੀਂ ਟੈਲੀਟਾਈਪਰਾਈਟਰ [TTY/ATS] ਇਸਤੇਮਾਲ ਕਰਦੇ ਹੋ, 1-800-926-9105 ਉੱਤੇ ਫ਼ੋਨ ਕਰੋ

© ਹਰ ਮੈਜਸਟੀ ਦੀ ਕੁਈਨ ਇਨ ਰਾਈਟ ਆੱਫ਼ ਕਨੇਡਾ, 2011